The Dudley Group
NHS Foundation Trust

# ਜੀਵਨ ਦਾ ਅੰਤ: ਇੱਕ ਗਾਈਡ

## ਰਿਸ਼ਤੇਦਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

**ਡਡਲੇ ਗਰੁੱਪ**
**NHS ਫਾਉਂਡੇਸ਼ਨ ਟ੍ਰਸਟ**

www.dgft.nhs.uk

## ਜਾਣ-ਪਛਾਣ

ਸਾਡੇ ਮਰੀਜ਼ਾਂ ਨੇ ਸਾਨੂੰ ਦੱਸਿਆ ਹੈ ਕਿ ਜਦੋਂ ਕੋਈ ਵਿਅਕਤੀ ਜੀਵਨ ਦੇ ਅੰਤ ਦੇ ਨੇੜੇ ਹੋਵੇ ਤਾਂ ਇਹ ਜਾਣਨਾ ਕਿੰਨਾ ਮਹੱਤਵਪੂਰਨ ਹੈ ਕਿ ਕੀ ਉਮੀਦ ਕਰਨੀ ਹੈ। ਇਸ ਪਰਚੇ ਵਿੱਚ ਇਹ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਜਾਣਕਾਰੀ ਸ਼ਾਮਲ ਹੈ ਕਿ ਜਦੋਂ ਕਿਸੇ ਨੂੰ ਆਪਣੇ ਜੀਵਨ ਦੇ ਆਖਰੀ ਦਿਨਾਂ ਅਤੇ ਘੰਟਿਆਂ ਵਿੱਚ ਮੰਨਿਆ ਜਾਂਦਾ ਹੈ ਤਾਂ ਆਮ ਤੌਰ 'ਤੇ ਕੀ ਹੁੰਦਾ ਹੈ ਅਤੇ ਅਸੀਂ ਕੀ ਦੇਖਭਾਲ ਦਿੰਦੇ ਹਾਂ।

ਕੋਈ ਵੀ ਚੀਜ਼ ਸੋਗ ਦੀਆਂ ਭਾਵਨਾਵਾਂ ਨੂੰ ਦੂਰ ਨਹੀਂ ਕਰ ਸਕਦੀ, ਪਰ ਜਾਣਕਾਰੀ ਹੋਣ ਨਾਲ ਤੁਹਾਨੂੰ ਇਸ ਚਿੰਤਾਜਨਕ ਸਮੇਂ ਨਾਲ ਸਿੱਝਣ ਵਿੱਚ ਮਦਦ ਮਿਲ ਸਕਦੀ ਹੈ। ਉਮੀਦ ਹੈ ਕਿ ਇਹ ਪਰਚਾ ਤੁਹਾਡੇ ਕੁਝ ਸਵਾਲਾਂ ਦੇ ਜਵਾਬ ਦੇਵੇਗਾ। ਹਾਲਾਂਕਿ, ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਰਿਸ਼ਤੇਦਾਰ ਦੀ ਦੇਖਭਾਲ ਕਰਨ ਵਾਲੇ ਸਟਾਫ਼ ਨੂੰ ਪੁੱਛੋ।

## ਸਾਡੇ ਨਾਲ ਆਪਣੀਆਂ ਇੱਛਾਵਾਂ ਬਾਰੇ ਚਰਚਾ ਕਰੋ

ਅਸੀਂ ਤੁਹਾਡੇ ਅਜ਼ੀਜ਼ ਨੂੰ ਸਭ ਤੋਂ ਵਧੀਆ ਦੇਖਭਾਲ ਅਤੇ ਸਹਾਇਤਾ ਪ੍ਰਦਾਨ ਕਰਨਾ ਚਾਹੁੰਦੇ ਹਾਂ। ਇਸ ਲਈ, ਅਸੀਂ ਤੁਹਾਨੂੰ ਇਹ ਦੱਸਣ ਦਾ ਮੌਕਾ ਦੇਣਾ ਚਾਹੁੰਦੇ ਹਾਂ ਕਿ ਉਨ੍ਹਾਂ ਲਈ ਕੀ ਮਹੱਤਵਪੂਰਨ ਹੈ ਅਤੇ ਕੀ ਮਾਇਨੇ ਰੱਖਦਾ ਹੈ, ਅਤੇ ਅਸੀਂ ਉਨ੍ਹਾਂ ਨੂੰ ਸਭ ਤੋਂ ਵਧੀਆ ਸਮਰਥਨ ਕਿਵੇਂ ਦੇ ਸਕਦੇ ਹਾਂ।

ਨਰਸਾਂ ਅਤੇ ਡਾਕਟਰ ਤੁਹਾਨੂੰ ਇੱਕ ਪੰਨੇ ਦੀ ਪ੍ਰੋਫਾਈਲ ਨੂੰ ਪੂਰਾ ਕਰਨ ਦਾ ਮੌਕਾ ਦੇਣਗੇ ਜੋ ਅਸੀਂ ਤੁਹਾਡੇ ਅਜ਼ੀਜ਼ ਦੇ ਬਿਸਤਰੇ ਦੇ ਨਾਲ ਰੱਖਾਂਗੇ, ਤਾਂ ਜੋ ਅਸੀਂ ਸਾਰੇ ਤੁਹਾਡੀ ਸਭ ਤੋਂ ਵਧੀਆ ਦੇਖਭਾਲ ਕਰ ਸਕੀਏ।

## ਮੌਤ ਨੂੰ ਪਛਾਣਨਾ

ਇਹ ਜਾਣਨਾ ਔਖਾ ਹੋ ਸਕਦਾ ਹੈ ਕਿ ਕੋਈ ਵਿਅਕਤੀ ਕਦੋਂ ਆਪਣੇ ਅੰਤਮ ਦਿਨਾਂ ਅਤੇ ਘੰਟਿਆਂ ਵਿੱਚ ਦਾਖਲ ਹੁੰਦਾ ਹੈ। ਜਦੋਂ ਮਰੀਜ਼ ਦੀ ਦੇਖਭਾਲ ਕਰਨ ਵਾਲੀ ਟੀਮ ਇਹ ਮੰਨਦੀ ਹੈ ਕਿ ਉਹ ਮਰ ਰਿਹਾ ਹੈ, ਅਤੇ ਉਸ ਕੋਲ ਜੀਉਣ ਲਈ ਸਿਰਫ ਦਿਨ ਜਾਂ ਘੰਟੇ ਹਨ, ਤਾਂ ਉਹ ਤੁਹਾਨੂੰ ਇਹ ਸਮਝਾਉਣਗੇ। ਤੁਸੀਂ ਇਹਨਾਂ ਸਟਾਫ਼ ਮੈਂਬਰਾਂ ਨਾਲ ਆਪਣੇ ਕਿਸੇ ਵੀ ਸਵਾਲ ਜਾਂ ਚਿੰਤਾਵਾਂ 'ਤੇ ਚਰਚਾ ਕਰ ਸਕੋਗੇ।

ਜੇ ਸਰੀਰਕ ਸਿਹਤ ਵਿੱਚ ਤਬਦੀਲੀਆਂ ਅਤੇ ਮਰੀਜ਼ ਨਾਲ ਦੇਖਭਾਲ ਬਾਰੇ ਫੈਸਲਿਆਂ ਬਾਰੇ ਚਰਚਾ ਕਰਨਾ ਸੰਭਵ ਹੈ, ਤਾਂ ਸਟਾਫ਼ ਅਜਿਹਾ ਕਰੇਗਾ। ਹਾਲਾਂਕਿ, ਉਹ ਵਿਅਕਤੀ ਜੋ ਆਪਣੀ ਜ਼ਿੰਦਗੀ ਦੇ ਅੰਤ ਵਿੱਚ ਪਹੁੰਚ ਰਿਹਾ ਹੈ, ਹੋ ਸਕਦਾ ਹੈ ਕਿ ਉਹ ਇੰਨਾ ਠੀਕ ਨਾ ਹੋਵੇ ਕਿ ਗੱਲਬਾਤ ਕਰ ਸਕੇ। ਇਸ ਕਾਰਨ ਕਰਕੇ, ਮਰੀਜ਼ ਦੀ ਵਧੀਆ ਦੇਖਭਾਲ ਦੀ ਯੋਜਨਾ ਬਣਾਉਣ ਅਤੇ ਦੇਖਭਾਲ ਕਰਨ ਵਿੱਚ ਪਰਿਵਾਰ ਅਤੇ ਦੋਸਤਾਂ ਦੇ ਵਿਚਾਰ ਬਹੁਤ ਕੀਮਤੀ ਹੁੰਦੇ ਹਨ।

ਕੁਝ ਲੋਕ ਥੋੜ੍ਹੇ ਜਿਹੇ ਸਮੇਂ ਦੀ ਚੇਤਾਵਨੀ ਦੇ ਨਾਲ ਬਹੁਤ ਜਲਦੀ ਮਰ ਜਾਂਦੇ ਹਨ ਅਤੇ ਦੂਸਰਿਆਂ ਦੀ ਹਾਲਤ ਕਈ ਦਿਨਾਂ ਵਿੱਚ ਹੌਲੀ-ਹੌਲੀ ਵਿਗੜਦੀ ਜਾਂਦੀ ਹੈ। ਕਦੇ-ਕਦਾਈਂ, ਜਿਨ੍ਹਾਂ ਲੋਕਾਂ ਨੂੰ ਮਰ ਰਿਹਾ ਮੰਨਿਆ ਜਾਂਦਾ ਹੈ ਉਨ੍ਹਾਂ ਵਿੱਚ ਸੁਧਾਰ ਹੁੰਦਾ ਹੈ ਅਤੇ ਉਨ੍ਹਾਂ ਦੀ ਸਥਿਤੀ ਸਥਿਰ ਹੋ ਜਾਂਦੀ ਹੈ।

ਹਰ ਰੋਜ਼, ਸੀਨੀਅਰ ਸਟਾਫ਼ ਇਹ ਯਕੀਨੀ ਬਣਾਉਣ ਲਈ ਜਾਂਚ ਕਰੇਗਾ ਕਿ ਦਿੱਤੀ ਜਾ ਰਹੀ ਦੇਖਭਾਲ ਤੁਹਾਡੇ ਅਜ਼ੀਜ਼ ਦੀ ਮੌਜੂਦਾ ਸਥਿਤੀ ਲਈ ਸਹੀ ਹੈ। ਜੇਕਰ ਕੋਈ ਵੱਡੀਆਂ ਤਬਦੀਲੀਆਂ ਹੁੰਦੀਆਂ ਹਨ, ਤਾਂ ਉਹ ਤੁਹਾਡੇ ਨਾਲ ਇਸ ਬਾਰੇ ਚਰਚਾ ਕਰਨਗੇ।

## ਵਿਸ਼ੇਸ਼ ਦੇਖਭਾਲ

ਜਦੋਂ ਅਸੀਂ ਮੰਨਦੇ ਹਾਂ ਕਿ ਕੋਈ ਵਿਅਕਤੀ ਮਰ ਰਿਹਾ ਹੈ, ਤਾਂ ਉਸਦੀ ਦੇਖਭਾਲ ਕਰਨ ਵਾਲੀ ਟੀਮ ਅਜਿਹੀ ਦੇਖਭਾਲ ਦੇਣਾ ਚਾਹੁੰਦੀ ਹੈ ਜੋ ਖਾਸ ਤੌਰ 'ਤੇ ਉਨ੍ਹਾਂ ਦੀਆਂ ਲੋੜਾਂ ਦੇ ਅਨੁਸਾਰ ਹੋਵੇ। ਹੋ ਸਕਦਾ ਹੈ ਕਿ ਮਰੀਜ਼ਾਂ ਨੇ ਪਹਿਲਾਂ ਹੀ ਸੋਚ ਲਿਆ ਹੋਵੇ ਕਿ ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਕੀ ਹੈ। ਕਿਰਪਾ ਕਰਕੇ ਆਪਣੇ ਰਿਸ਼ਤੇਦਾਰ ਦੀ ਦੇਖਭਾਲ ਕਰਨ ਵਾਲੀ ਟੀਮ ਨਾਲ ਇਸ ਬਾਰੇ ਚਰਚਾ ਕਰੋ। ਹੇਠ ਉਨ੍ਹਾਂ ਗੱਲਾਂ ਬਾਰੇ ਸੁਝਾਅ ਹਨ ਜਿਨ੍ਹਾਂ ਨੂੰ ਅਕਸਰ ਮਹੱਤਵਪੂਰਨ ਦੱਸਿਆ ਜਾਂਦਾ ਹੈ:

### ਖਾਣ ਅਤੇ ਪੀਣ ਵਾਲੇ ਪਦਾਰਥ

ਅਸੀਂ ਕਿਸੇ ਦੀ ਅਰਾਮਦੇਹ ਮਹਿਸੂਸ ਕਰਨ ਵਿੱਚ ਮਦਦ ਕਰਨ ਲਈ ਲੋੜ ਅਨੁਸਾਰ ਭੋਜਨ ਅਤੇ ਪੀਣ ਵਾਲੇ ਪਦਾਰਥ ਪ੍ਰਦਾਨ ਕਰਦੇ ਹਾਂ। ਮਰਨ ਵਾਲੇ ਕਿਸੇ ਵਿਅਕਤੀ ਲਈ ਇਹ ਆਮ ਗੱਲ ਹੈ ਕਿ ਉਹ ਜ਼ਿਆਦਾ ਭੋਜਨ ਜਾਂ ਪੀਣ ਦੀ ਇੱਛਾ ਨਾ ਕਰੇ, ਅਤੇ ਇਸ ਲਈ ਪਾਣੀ ਦੇ ਘੁੱਟ ਕਾਫ਼ੀ ਹੋ ਸਕਦੇ ਹਨ।

## ਧਾਰਮਿਕ, ਅਧਿਆਤਮਿਕ, ਭਾਵਨਾਤਮਕ ਅਤੇ ਸੱਭਿਆਚਾਰਕ ਲੋੜਾਂ

ਜਦੋਂ ਕੋਈ ਵਿਅਕਤੀ ਆਪਣੀ ਜ਼ਿੰਦਗੀ ਦੇ ਅੰਤ ਦੇ ਨੇੜੇ ਆ ਰਿਹਾ ਹੁੰਦਾ ਹੈ, ਤਾਂ ਉਸ ਨੂੰ ਲੱਗ ਸਕਦਾ ਹੈ ਕਿ ਕਿਸੇ ਨਾਲ ਗੱਲ ਕਰਨ ਨਾਲ ਉਸ ਨੂੰ ਸਹਾਇਤਾ ਮਿਲਦੀ ਅਤੇ ਦਿਲਾਸਾ ਮਿਲਦਾ ਹੈ। ਅਕਸਰ ਇਹ ਸਹਾਇਤਾ ਪਰਿਵਾਰ ਅਤੇ ਦੋਸਤਾਂ ਤੋਂ ਮਿਲਦੀ ਹੈ ਪਰ ਕਈ ਵਾਰ ਇਹ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰਨ ਵਿੱਚ ਮਦਦ ਮਿਲਦੀ ਹੈ ਜੋ ਰਿਸ਼ਤੇਦਾਰ ਨਹੀਂ ਹੁੰਦਾ।

ਤੁਹਾਡੇ ਅਜ਼ੀਜ਼ ਦੀ ਇੱਛਾ ਹੋ ਸਕਦੀ ਹੈ ਕਿ ਕਿਸੇ ਵੀ ਧਾਰਮਿਕ ਅਤੇ ਅਧਿਆਤਮਿਕ ਲੋੜਾਂ ਵਿੱਚ ਉਨ੍ਹਾਂ ਦੇ ਧਰਮ ਦੇ ਪ੍ਰਤਿਨਿਧ ਦੁਆਰਾ ਸਮਰਥਨ ਦਿੱਤਾ ਜਾਵੇ। ਕਿਰਪਾ ਕਰਕੇ ਆਪਣੇ ਅਜ਼ੀਜ਼ ਦੀ ਦੇਖਭਾਲ ਵਿੱਚ ਸ਼ਾਮਲ ਲੋਕਾਂ ਨੂੰ ਇਹ ਸਪੱਸ਼ਟ ਕਰੋ।

ਜੇ ਤੁਹਾਡੇ ਅਜ਼ੀਜ਼ ਦੀ ਹਸਪਤਾਲ ਜਾਂ ਕਿਸੇ ਹੋਸਪਾਈਸ ਵਿੱਚ ਦੇਖਭਾਲ ਕੀਤੀ ਜਾ ਰਹੀ ਹੈ, ਤਾਂ ਤੁਹਾਡੇ ਸਾਰਿਆਂ ਦੀ ਸਹਾਇਤਾ ਲਈ ਵੱਖ-ਵੱਖ ਧਰਮਾਂ ਦੇ ਪ੍ਰਤਿਨਿਧ ਉਪਲਬਧ ਹਨ। ਜੇਕਰ ਤੁਸੀਂ ਚਾਹੁੰਦੇ ਹੋ ਕਿ ਪ੍ਰਤਿਨਿਧਤਾ ਟੀਮ ਦਾ ਕੋਈ ਮੈਂਬਰ ਮੁਲਾਕਾਤ ਕਰੇ, ਤਾਂ ਕਿਰਪਾ ਕਰਕੇ ਆਪਣੀ ਨਰਸ ਨੂੰ ਇਸ ਦਾ ਪ੍ਰਬੰਧ ਕਰਨ ਲਈ ਕਹੋ।

## ਦੇਖਭਾਲ ਦਾ ਸਥਾਨ

ਕੁਝ ਲੋਕ ਜਾਣਦੇ ਹਨ ਕਿ ਉਹ ਆਪਣੇ ਆਖਰੀ ਦਿਨ ਕਿੱਥੇ ਬਿਤਾਉਣਾ ਚਾਹੁੰਦੇ ਹਨ। ਹਾਲਾਂਕਿ, ਇਹ ਵਿਚਾਰ ਬਦਲ ਸਕਦੇ ਹਨ। ਦੇਖਭਾਲ ਟੀਮ ਇਸ ਬਾਰੇ ਗੱਲ ਕਰੇਗੀ ਕਿ ਮਰੀਜ਼ਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਕੀ ਵਿਹਾਰਕ ਹੈ, ਅਤੇ ਵਿਅਕਤੀਗਤ ਇੱਛਾਵਾਂ ਨੂੰ ਪੂਰਾ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰੇਗੀ।

**ਵਿਅਕਤੀ ਦੇ ਆਪਣੇ ਘਰ ਜਾਂ ਕੇਅਰ ਹੋਮ ਵਿੱਚ ਦੇਖਭਾਲ**– ਹਸਪਤਾਲ ਵਿੱਚ ਕੁਝ ਲੋਕ ਆਪਣੇ ਜੀਵਨ ਦੇ ਅੰਤ ਵਿੱਚ ਆਪਣੇ ਘਰ ਜਾਂ ਕੇਅਰ ਹੋਮ ਵਿੱਚ ਦੇਖਭਾਲ ਕਰਨਾ ਪਸੰਦ ਕਰਨਗੇ। ਜੇਕਰ ਅਜਿਹਾ ਹੁੰਦਾ ਹੈ, ਅਤੇ ਜੇਕਰ ਢੁਕਵੀਂ ਦੇਖਭਾਲ ਅਤੇ ਸਹਾਇਤਾ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ ਤਾਂ ਡਾਕਟਰ ਅਤੇ ਨਰਸਾਂ ਤੁਹਾਡੇ ਅਜ਼ੀਜ਼ ਨੂੰ ਜਲਦੀ ਤੋਂ ਜਲਦੀ ਘਰ ਪਹੁੰਚਾਉਣ ਦਾ ਪ੍ਰਬੰਧ ਕਰਨਗੇ।

ਜਦੋਂ ਉਹ ਘਰ ਵਿੱਚ ਹੁੰਦੇ ਹਨ, ਤਾਂ ਤੁਹਾਡੇ ਅਜ਼ੀਜ਼ ਦੀਆਂ ਨਰਸਿੰਗ ਲੋੜਾਂ ਦੇ ਆਧਾਰ 'ਤੇ ਡਿਸਟ੍ਰਿਕਟ ਨਰਸਾਂ ਮਿਲਣ ਆਉਣਗੀਆਂ। ਨਰਸਿੰਗ ਲੋੜਾਂ ਦੇ ਆਧਾਰ 'ਤੇ ਹੇਠਾਂ ਦਿੱਤੀਆਂ ਸੇਵਾਵਾਂ ਘਰ ਵਿੱਚ ਉਪਲਬਧ ਹਨ:

- ਕਮਿਊਨਿਟੀ ਸਪੈਸ਼ਲਿਸਟ ਪੈਲੀਏਟਿਵ ਕੇਅਰ (ਰਾਹਤ ਪਹੁੰਚਾਉਣ ਵਾਲੀ ਦੇਖਭਾਲ) ਨਰਸਾਂ (ਮੈਕਮਿਲਨ)
- ਤੁਹਾਡੇ ਅਜ਼ੀਜ਼ ਦਾ ਜੀਪੀ
- ਪੈਲੀਏਟਿਵ ਕੇਅਰ (ਰਾਹਤ ਪਹੁੰਚਾਉਣ ਵਾਲੀ ਦੇਖਭਾਲ) ਸਪੋਰਟ ਟੀਮ

**ਹਸਪਤਾਲ ਵਿੱਚ ਦੇਖਭਾਲ** – ਜੇਕਰ ਤੁਹਾਡੇ ਅਜ਼ੀਜ਼ ਦੀ ਹਸਪਤਾਲ ਵਿੱਚ ਦੇਖਭਾਲ ਕੀਤੀ ਜਾ ਰਹੀ ਹੈ, ਤਾਂ ਪਰਿਵਾਰਕ ਮੈਂਬਰ ਦਿਨ ਜਾਂ ਰਾਤ ਕਿਸੇ ਵੀ ਸਮੇਂ ਉਨ੍ਹਾਂ ਦੇ ਨਾਲ ਰਹਿ ਸਕਦੇ ਹਨ। ਵਾਰਡ ਸਟਾਫ਼ ਤੁਹਾਨੂੰ ਹਸਪਤਾਲ ਦੇ ਅੰਦਰ ਉਪਲਬਧ ਸਹੂਲਤਾਂ ਜਿਵੇਂ ਕਿ ਸ਼ਾਵਰ, ਖਾਣ-ਪੀਣ ਅਤੇ ਕਾਰ ਪਾਰਕਿੰਗ ਬਾਰੇ ਦੱਸੇਗਾ।

ਹਸਪਤਾਲ ਦਾ ਕਾਰ ਪਾਰਕ ਨਿਕਾਸ 'ਤੇ ਭੁਗਤਾਨ ਪ੍ਰਣਾਲੀ ਚਲਾਉਂਦਾ ਹੈ; ਹਾਲਾਂਕਿ, ਉਨ੍ਹਾਂ ਮੁਲਾਕਾਤੀਆਂ ਲਈ ਸੀਮਤ ਗਿਣਤੀ ਵਿੱਚ ਵੈਲਿਊ ਕਾਰਡ ਉਪਲਬਧ ਹਨ ਜਿਨ੍ਹਾਂ ਦੇ ਰਿਸ਼ਤੇਦਾਰ ਅਤੇ ਦੋਸਤ ਹਸਪਤਾਲ ਵਿੱਚ ਹਨ। ਕਿਰਪਾ ਕਰਕੇ ਸਟਾਫ਼ ਤੋਂ ਵੇਰਵੇ ਮੰਗੋ।

**ਹੋਸਪਾਈਸ ਦੇਖਭਾਲ** – ਕੁਝ ਲੋਕ ਆਪਣੇ ਜੀਵਨ ਦੇ ਅੰਤ ਵਿੱਚ ਇੱਕ ਹੋਸਪਾਈਸ ਵਿੱਚ ਦੇਖਭਾਲ ਕਰਾਉਣ ਚਾਹ ਸਕਦੇ ਹਨ। ਇਸ ਸਥਿਤੀ ਵਿੱਚ, ਤੁਹਾਡੇ ਅਜ਼ੀਜ਼ ਦੀ ਦੇਖਭਾਲ ਵਿੱਚ ਸ਼ਾਮਲ ਸਿਹਤ ਪੇਸ਼ੇਵਰ ਇਸ ਬਾਰੇ ਹੋਰ ਚਰਚਾ ਕਰ ਸਕਦਾ ਹੈ ਅਤੇ ਹੋਸਪਾਈਸ ਨਾਲ ਸੰਪਰਕ ਕਰ ਸਕਦਾ ਹੈ।

## ਦਵਾਈ

ਜਦੋਂ ਮੰਨਿਆ ਜਾਂਦਾ ਹੈ ਕਿ ਕੋਈ ਮਰੀਜ਼ ਮਰ ਰਿਹਾ ਹੈ, ਤਾਂ ਡਾਕਟਰ ਇਸ ਬਾਰੇ ਚਰਚਾ ਕਰਨਗੇ ਕਿ ਕੀ ਜੋ ਦਵਾਈ ਉਹ ਲੈ ਰਹੇ ਹਨ ਕੀ ਉਹ ਹਾਲੇ ਵੀ ਮਦਦਗਾਰ ਹੈ। ਜੇ ਦਵਾਈ ਨੂੰ ਨਿਗਲਣਾ ਮੁਸ਼ਕਲ ਹੋ ਜਾਂਦਾ ਹੈ, ਤਾਂ ਇਹ ਅਜਿਹੇ ਤਰੀਕੇ ਨਾਲ ਦਿੱਤੀ ਜਾ ਸਕਦੀ ਹੈ ਜੋ ਮਰੀਜ਼ ਲਈ ਆਸਾਨ ਹੋਵੇ, ਜਿਵੇਂ ਕਿ ਟੀਕੇ ਦੁਆਰਾ।

ਵੱਖ-ਵੱਖ ਦਵਾਈਆਂ ਤਜਵੀਜ਼ ਕੀਤੀਆਂ ਜਾਣਗੀਆਂ ਜਿਨ੍ਹਾਂ ਨੂੰ ਕੋਈ ਪਰੇਸ਼ਾਨੀ ਵਾਲੇ ਜਾਂ ਦੁਖਦਾਈ ਲੱਛਣ ਪੈਦਾ ਹੋਣ 'ਤੇ ਵਰਤਿਆ ਜਾ ਸਕਦਾ ਹੈ, ਜਿਵੇਂ ਕਿ ਦਰਦ ਤੋਂ ਰਾਹਤ ਜਾਂ ਉਲਟੀ ਨੂੰ ਰੋਕਣ ਲਈ ਦਵਾਈ। ਕਈ ਵਾਰ ਮਰੀਜ਼ਾਂ ਨੂੰ ਇੱਕ ਸਰਿੰਜ ਡਰਾਈਵਰ ਦਿੱਤਾ ਜਾਂਦਾ ਹੈ ਜੋ ਇੱਕ ਛੋਟਾ, ਪੋਰਟੇਬਲ ਪੰਪ ਹੁੰਦਾ ਹੈ (ਚਿੱਤਰ 1 ਦੇਖੋ)। ਇਸ ਨੂੰ ਦਿਨ ਅਤੇ ਰਾਤ ਟੀਕੇ ਦੁਆਰਾ ਲਗਾਤਾਰ ਦਵਾਈ ਦੇਣ ਲਈ ਵਰਤਿਆ ਜਾ ਸਕਦਾ ਹੈ।




ਚਿੱਤਰ 1 ਇੱਕ ਪੋਰਟੇਬਲ ਦਵਾਈ ਪੰਪ ਦਿਖਾਉਂਦਾ ਹੈ

## ਆਰਾਮ ਦੇ ਉਪਾਅ

ਇਹ ਯਕੀਨੀ ਬਣਾਉਣਾ ਬਹੁਤ ਮਹੱਤਵਪੂਰਨ ਹੈ ਕਿ ਦੇਖਭਾਲ ਪ੍ਰਦਾਨ ਕਰਨ ਵਾਲਾ ਸਾਰਾ ਸਟਾਫ਼ ਤੁਹਾਡੀਆਂ ਅਤੇ ਤੁਹਾਡੇ ਅਜ਼ੀਜ਼ ਦੀਆਂ ਲੋੜਾਂ ਨੂੰ ਪੂਰਾ ਕਰੇ। ਜੋ ਕੁਝ ਮਹੱਤਵਪੂਰਨ ਹੈ ਉਸ ਨੂੰ ਇਸ ਪੁਸਤਿਕਾ ਦੇ 'ਮੇਰੇ ਨੋਟ' ਭਾਗ ਵਿੱਚ ਲਿਖਣਾ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ।

ਤੁਸੀਂ ਆਪਣੇ ਅਜ਼ੀਜ਼ ਲਈ ਨਿੱਜੀ ਸਮਾਨ ਲਿਆਉਣਾ ਚਾਹ ਸਕਦੇ ਹੋ ਜਿਵੇਂ ਕਿ ਰਾਤ ਦੇ ਕੱਪੜੇ, ਘਰ ਤੋਂ ਇੱਕ ਕੰਬਲ ਜਾਂ ਡ੍ਰੈਸਿੰਗ ਗਾਊਨ।

ਕੁਝ ਪਰਿਵਾਰ ਅਤੇ ਦੋਸਤ ਆਰਾਮ ਅਤੇ ਦੇਖਭਾਲ ਵਿੱਚ ਨਰਸਾਂ ਦੀ ਸਹਾਇਤਾ ਕਰਨ ਵਿੱਚ ਸ਼ਾਮਲ ਹੋਣਾ ਚਾਹ ਸਕਦੇ ਹਨ। ਜੇਕਰ ਤੁਸੀਂ ਸ਼ਾਮਲ ਹੋਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਨਰਸਾਂ ਨੂੰ ਦੱਸੋ। ਪਰਿਵਾਰ ਜਾਣੀਆਂ-ਪਛਾਣੀਆਂ ਆਵਾਜ਼ਾਂ ਨੂੰ ਰਿਕਾਰਡ ਕਰਨਾ ਚਾਹ ਸਕਦੇ ਹਨ, ਜਿਵੇਂ ਕਿ ਬੱਚਿਆਂ, ਪੋਤੇ-ਪੋਤੀਆਂ ਜਾਂ ਪਰਿਵਾਰ ਦੇ ਮੈਂਬਰਾਂ ਦੇ ਗਾਉਂਦੇ ਹੋਏ ਜਾਂ ਵਿਅਕਤੀ ਨਾਲ ਗੱਲ ਕਰਦੇ ਹੋਏ। ਮਨਪਸੰਦ ਸੰਗੀਤ ਚਲਾਉਣਾ ਅਰਾਮਦੇਹ ਹੋ ਸਕਦਾ ਹੈ।

ਬੱਚਿਆਂ ਨੂੰ ਕਿਸੇ ਅਜ਼ੀਜ਼ ਨੂੰ ਅਲਵਿਦਾ ਕਹਿਣ ਲਈ ਆਉਣ ਵਾਸਤੇ ਬਹੁਤ ਸਵਾਗਤ ਹੈ। ਕਿਰਪਾ ਕਰਕੇ ਇਸਦਾ ਪ੍ਰਬੰਧ ਕਰਨ ਲਈ ਨਰਸਾਂ ਨਾਲ ਗੱਲ ਕਰੋ। ਜੇਕਰ ਤੁਸੀਂ ਕੋਈ ਚੀਜ਼ ਜਿਵੇਂ ਕਿ ਹੱਥ ਦਾ ਪ੍ਰਿੰਟ, ਵਾਲਾਂ ਦੀ ਲੜੀ ਜਾਂ ਫੋਟੋ ਲੈਣਾ ਚਾਹੁੰਦੇ ਹੋ, ਤਾਂ ਨਰਸਿੰਗ ਸਟਾਫ਼ ਇਸ ਵਿੱਚ ਤੁਹਾਡੀ ਮਦਦ ਕਰ ਸਕੇਗਾ।

## ਦਿੱਖ ਵਿੱਚ ਬਦਲਾਅ

ਹਰ ਮੌਤ ਵੱਖਰੀ ਹੁੰਦੀ ਹੈ। ਇਹ ਅੰਦਾਜ਼ਾ ਲਗਾਉਣਾ ਅਸੰਭਵ ਹੈ ਕਿ ਕੋਈ ਵਿਅਕਤੀ ਆਪਣੇ ਅੰਤਮ ਘੰਟਿਆਂ ਵਿੱਚ ਕਿਵੇਂ ਦਿਖਾਈ ਦੇਵੇਗਾ ਪਰ ਕੁਝ ਆਮ ਸਰੀਰਕ ਤਬਦੀਲੀਆਂ ਹਨ ਜੋ ਤੁਸੀਂ ਦੇਖ ਸਕਦੇ ਹੋ:

- ਲੋਕ ਅਕਸਰ ਸੁਸਤ ਹੋ ਜਾਂਦੇ ਹਨ, ਆਪਣਾ ਜ਼ਿਆਦਾਤਰ ਸਮਾਂ ਸੌਣ ਵਿੱਚ ਬਿਤਾਉਂਦੇ ਹਨ।
- ਉਨ੍ਹਾਂ ਦੀ ਚਮੜੀ ਫਿੱਕੀ ਅਤੇ ਗਿੱਲੀ ਹੋ ਸਕਦੀ ਹੈ। ਉਨ੍ਹਾਂ ਦੇ ਹੱਥ ਅਤੇ ਪੈਰ ਠੰਢੇ ਮਹਿਸੂਸ ਕਰ ਸਕਦੇ ਹਨ।
- ਜਿਵੇਂ -ਜਿਵੇਂ ਉਹ ਜ਼ਿਆਦਾ ਬਿਮਾਰ ਹੁੰਦੇ ਜਾਂਦੇ ਹਨ, ਉਨ੍ਹਾਂ ਦੀ ਆਪਣੇ ਆਲੇ-ਦੁਆਲੇ, ਇੱਥੋਂ ਤੱਕ ਕਿ ਉਨ੍ਹਾਂ ਦੇ ਨਜ਼ਦੀਕੀ ਪਰਿਵਾਰ ਵਿੱਚ ਵੀ ਬਹੁਤ ਘੱਟ ਦਿਲਚਸਪੀ ਹੋ ਸਕਦੀ ਹੈ। ਇਹ ਪ੍ਰਕਿਰਿਆ ਦਾ ਇੱਕ ਕੁਦਰਤੀ ਹਿੱਸਾ ਹੈ।

- ਅੰਤ ਵਿੱਚ ਉਹ ਬੇਹੋਸ਼ ਹੋ ਸਕਦੇ ਹਨ। ਕੁਝ ਲੋਕਾਂ ਲਈ, ਇਹ ਮਿਆਦ ਛੋਟੀ ਹੋਵੇਗੀ ਪਰ ਦੂਜਿਆਂ ਲਈ ਇਹ ਕਈ ਦਿਨ ਰਹਿ ਸਕਦੀ ਹੈ। ਬੇਹੋਸ਼ ਹੋਣ ਦੇ ਬਾਵਜੂਦ, ਉਹ ਅਜੇ ਵੀ ਜਾਣੂ ਹੋ ਸਕਦੇ ਹਨ ਕਿ ਤੁਸੀਂ ਉੱਥੇ ਹੋ, ਤੁਹਾਡੀ ਛੋਹ ਮਹਿਸੂਸ ਕਰ ਸਕਣਗੇ ਅਤੇ ਤੁਹਾਡੀ ਆਵਾਜ਼ ਸੁਣ ਸਕਣਗੇ।
- ਇਸ ਤੋਂ ਬਾਅਦ ਸਾਹ ਲੈਣ ਵਿੱਚ ਤਬਦੀਲੀਆਂ ਹੋ ਸਕਦੀਆਂ ਹਨ, ਜਦੋਂ ਤੱਕ ਸਾਹ ਰੁਕ ਨਹੀਂ ਜਾਂਦਾ।

ਅਜਿਹੇ ਸੰਵੇਦਨਸ਼ੀਲ ਸਮੇਂ 'ਤੇ, ਰਿਸ਼ਤੇਦਾਰ ਅਤੇ ਦੋਸਤ ਵਿਵਹਾਰਕ ਤੌਰ 'ਤੇ ਸ਼ਾਮਲ ਹੋਣਾ ਚਾਹ ਸਕਦੇ ਹਨ। ਅਸੀਂ ਉਨ੍ਹਾਂ ਨੂੰ ਉਤਸ਼ਾਹਿਤ ਕਰਦੇ ਹਾਂ ਜੋ ਦੇਖਭਾਲ ਦੇਣ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ; ਉਦਾਹਰਨ ਲਈ, ਜੇ ਤੁਹਾਡਾ ਅਜ਼ੀਜ਼ ਨਿਗਲ ਸਕਦਾ ਹੈ ਤਾਂ ਪੀਣ ਵਾਲਾ ਪਦਾਰਥ ਦੇਣਾ, ਜਾਂ ਉਨ੍ਹਾਂ ਦੇ ਮੂੰਹ ਨੂੰ ਗਿੱਲਾ ਕਰਨਾ। ਦੇਖਭਾਲ ਟੀਮ ਤੁਹਾਨੂੰ ਉਹ ਕਰਨ ਵਿੱਚ ਸਹਾਇਤਾ ਕਰੇਗੀ ਜੋ ਉਨ੍ਹਾਂ ਲਈ ਸਹੀ ਹੈ।

## ਹੋਰ ਤਬਦੀਲੀਆਂ

### ਬੇਚੈਨੀ ਨਾਲ ਹਿੱਲਣਾ

ਮਰਨ ਵਾਲਾ ਵਿਅਕਤੀ ਕਈ ਵਾਰ ਬੇਚੈਨ ਹੋ ਸਕਦਾ ਹੈ। ਇਹ ਆਮ ਤੌਰ 'ਤੇ ਸਰੀਰ ਵਿੱਚ ਰਸਾਇਣਕ ਤਬਦੀਲੀਆਂ ਕਾਰਨ ਹੁੰਦਾ ਹੈ ਜੋ ਦਿਮਾਗ ਨੂੰ ਪ੍ਰਭਾਵਿਤ ਕਰਦੀਆਂ ਹਨ। ਦਵਾਈਆਂ ਨਾਲ ਇਸ ਤੋਂ ਰਾਹਤ ਮਿਲ ਸਕਦੀ ਹੈ। ਬੇਚੈਨੀ ਭਾਵਨਾਤਮਕ ਪਰੇਸ਼ਾਨੀ ਦੇ ਕਾਰਨ ਵੀ ਹੋ ਸਕਦੀ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਕਿਸੇ ਭਰੋਸੇਯੋਗ ਪੇਸ਼ੇਵਰ, ਨਜ਼ਦੀਕੀ ਦੋਸਤ ਜਾਂ ਅਧਿਆਤਮਿਕ ਜਾਂ ਧਾਰਮਿਕ ਪ੍ਰਤਿਨਿਧ ਨਾਲ ਗੱਲ ਕਰਨਾ ਮਦਦਗਾਰ ਲੱਗ ਸਕਦਾ ਹੈ।

### ਅਸੰਜਮਤਾ

ਮੌਤ ਦੇ ਨੇੜੇ ਹੋਣ ਵਾਲਾ ਵਿਅਕਤੀ ਆਪਣੇ ਪਿਸ਼ਾਬ ਅਤੇ ਅੰਤੜੀਆਂ ਦਾ ਕੰਟਰੋਲ ਗੁਆ ਸਕਦਾ ਹੈ। ਇਸ ਵਿੱਚ ਅਸੰਜਮਤਾ ਪੈਡ ਜਾਂ ਕੈਥੀਟਰ (ਇੱਕ ਤੰਗ, ਪਲਾਸਟਿਕ ਦੀ ਟਿਊਬ ਜੋ ਬਲੈਡਰ ਵਿੱਚ ਜਾਂਦੀ ਹੈ) ਵਰਗੇ ਉਪਕਰਨਾਂ ਦੁਆਰਾ ਮਦਦ ਕੀਤੀ ਜਾ ਸਕਦੀ ਹੈ।

### ਦਰਦ

ਕੋਈ ਵਿਅਕਤੀ ਜੋ ਜੀਵਨ ਦੇ ਅੰਤਮ ਦਿਨਾਂ ਵਿੱਚ ਹੈ ਸ਼ਾਇਦ ਸਾਨੂੰ ਇਹ ਦੱਸਣ ਦੇ ਯੋਗ ਨਹੀਂ ਹੋਵੇਗਾ ਕਿ ਉਹ ਦਰਦ ਵਿੱਚ ਹੈ। ਇਸ ਕਾਰਨ ਕਰਕੇ, ਤੁਹਾਡੇ ਅਜ਼ੀਜ਼ ਦੀ ਦੇਖਭਾਲ ਕਰਨ ਵਾਲੀ ਟੀਮ ਮੂੰਹ ਬਣਾਉਣਾ (ਉਨ੍ਹਾਂ ਦੇ ਚਿਹਰੇ 'ਤੇ ਕਸਾਵ), ਇਸ ਤਰ੍ਹਾਂ ਹਿੱਲਣਾ ਜਿਵੇਂ ਕਿ ਉਹ ਬੇਅਰਾਮੀ ਵਿੱਚ ਹੈ, ਅਤੇ ਪਸੀਨਾ ਆਉਣ ਵਰਗੇ ਸੰਕੇਤਾਂ ਦਾ ਧਿਆਨ ਰੱਖੇਗੀ।

ਜੇ ਤੁਸੀਂ ਦਰਦ ਬਾਰੇ ਚਿੰਤਤ ਹੋ, ਤਾਂ ਆਪਣੇ ਅਜ਼ੀਜ਼ ਦੀ ਦੇਖਭਾਲ ਕਰਨ ਵਾਲੀ ਟੀਮ ਨਾਲ ਗੱਲ ਕਰੋ ਅਤੇ ਉਹ ਮਦਦ ਕਰਨਗੇ।

### ਸਾਹ ਵਿੱਚ ਤਬਦੀਲੀਆਂ

ਜਦੋਂ ਕੋਈ ਮਰ ਰਿਹਾ ਹੁੰਦਾ ਹੈ, ਤਾਂ ਉਸਦੇ ਸਾਹ ਲੈਣ ਦਾ ਪੈਟਰਨ ਬਦਲ ਸਕਦਾ ਹੈ। ਉਸਦਾ ਸਾਹ ਤੇਜ਼ ਅਤੇ ਖੋਖਲਾ ਹੋ ਸਕਦਾ ਹੈ ਜਾਂ ਸਾਹਾਂ ਵਿਚਕਾਰ ਲੰਬਾ ਪਾੜਾ ਹੋ ਸਕਦਾ ਹੈ। ਕਦੇ-ਕਦਾਈਂ, ਸਾਹ ਨਾਲੀਆਂ ਵਿੱਚ ਤਰਲ ਇਕੱਠਾ ਹੋਣ ਕਾਰਨ ਸਾਹ ਲੈਣ ਵਿੱਚ ਉੱਚੀ ਆਵਾਜ਼ ਆ ਸਕਦੀ ਹੈ।

ਹਾਲਾਂਕਿ ਇਹ ਸੁਣਨਾ ਪਰੇਸ਼ਾਨ ਕਰਨ ਵਾਲਾ ਹੋ ਸਕਦਾ ਹੈ, ਪਰ ਇਹ ਆਮ ਤੌਰ 'ਤੇ ਮਰਨ ਵਾਲੇ ਵਿਅਕਤੀ ਨੂੰ ਪਰੇਸ਼ਾਨ ਨਹੀਂ ਕਰਦਾ। ਸਟਾਫ਼ ਚੀਜ਼ਾਂ ਦੀ ਨੇੜਿਓਂ ਨਿਗਰਾਨੀ ਕਰੇਗਾ ਅਤੇ ਦਵਾਈ ਦੀ ਵਰਤੋਂ ਕਰਨ ਜਾਂ ਉਨ੍ਹਾਂ ਦੀ ਸਥਿਤੀ ਬਦਲਣ ਦਾ ਸੁਝਾਅ ਦੇ ਸਕਦਾ ਹੈ।

## ਜ਼ਿੰਦਗੀ ਦੇ ਅੰਤਮ ਪਲ

ਬਹੁਤ ਸਾਰੇ ਲੋਕਾਂ ਲਈ, ਮਰਨ ਦੇ ਅੰਤਿਮ ਪਲ ਸ਼ਾਂਤੀਪੂਰਨ ਹੁੰਦੇ ਹਨ। ਸਾਹਾਂ ਦੇ ਵਿਚਕਾਰ ਲੰਬੇ ਵਕਫ਼ੇ ਨਾਲ ਸਾਹ ਹੌਲੀ ਅਤੇ ਜ਼ਿਆਦਾ ਅਨਿਯਮਿਤ ਹੋ ਜਾਂਦਾ ਹੈ। ਆਖਰਕਾਰ, ਉਹ ਸਾਹ ਲੈਣਾ ਬੰਦ ਕਰ ਦਿੰਦੇ ਹਨ। ਇਹ ਕੁਝ ਮਿੰਟਾਂ ਵਿੱਚ ਹੋ ਸਕਦਾ ਹੈ ਪਰ ਇਹ ਇੱਕ ਲੰਬੀ ਪ੍ਰਕਿਰਿਆ ਹੋ ਸਕਦੀ ਹੈ। ਅਕਸਰ ਵਿਅਕਤੀ ਦਾ ਸਰੀਰ ਪੂਰੀ ਤਰ੍ਹਾਂ ਅਰਾਮਦੇਹ ਹੋ ਜਾਵੇਗਾ ਅਤੇ ਉਹ ਬਹੁਤ ਸ਼ਾਂਤ ਦਿਖਾਈ ਦੇ ਸਕਦੇ ਹਨ।

## ਉਸ ਤੋਂ ਬਾਅਦ

ਆਪਣੇ ਅਜ਼ੀਜ਼ ਦੀ ਮੌਤ ਤੋਂ ਬਾਅਦ, ਤੁਸੀਂ ਬਹੁਤ ਸਦਮਾ ਮਹਿਸੂਸ ਕਰ ਸਕਦੇ ਹੋ, ਭਾਵੇਂ ਤੁਸੀਂ ਚੰਗੀ ਤਰ੍ਹਾਂ ਤਿਆਰ ਮਹਿਸੂਸ ਕੀਤਾ ਹੋਵੇ। ਆਮ ਤੌਰ 'ਤੇ, ਤੁਹਾਨੂੰ ਤੁਰੰਤ ਕੁਝ ਕਰਨ ਦੀ ਲੋੜ ਨਹੀਂ ਹੁੰਦੀ ਹੈ ਅਤੇ ਜੇ ਤੁਸੀਂ ਚਾਹੁੰਦੇ ਹੋ, ਤਾਂ ਤੁਸੀਂ ਕੁਝ ਸਮੇਂ ਲਈ ਆਪਣੇ ਅਜ਼ੀਜ਼ ਨਾਲ ਰਹਿ ਸਕਦੇ ਹੋ। ਜਦੋਂ ਤੁਸੀਂ ਤਿਆਰ ਹੁੰਦੇ ਹੋ, ਤਾਂ ਦੇਖਭਾਲ ਟੀਮ ਦਾ ਇੱਕ ਮੈਂਬਰ ਸਮਝਾਏਗਾ ਕਿ ਅੱਗੇ ਕੀ ਕਰਨਾ ਹੈ, ਭਾਵੇਂ ਉਹ ਘਰ ਵਿੱਚ ਹੋਵੇ ਜਾਂ ਹਸਪਤਾਲ ਵਿੱਚ।

> ਜੇਕਰ ਕਿਸੇ ਵੀ ਸਮੇਂ ਤੁਸੀਂ ਚਿੰਤਤ ਹੋ ਕਿ ਤੁਹਾਡਾ ਅਜ਼ੀਜ਼ ਬੇਆਰਾਮ ਜਾਂ ਦੁਖੀ ਜਾਪਦਾ ਹੈ, ਤਾਂ ਕਿਰਪਾ ਕਰਕੇ ਦੇਖਭਾਲ ਟੀਮ ਦੇ ਸਟਾਫ਼ ਦੇ ਇੱਕ ਮੈਂਬਰ ਨਾਲ ਗੱਲ ਕਰੋ।

**ਇਸ ਕਿਤਾਬਚੇ ਨੂੰ ਇਸ ਵੈੱਬਸਾਈਟ ਤੋਂ ਡਾਊਨਲੋਡ ਜਾਂ ਪ੍ਰਿੰਟ ਕੀਤਾ ਜਾ ਸਕਦਾ ਹੈ:**

http://dgft.nhs.uk/services-and-wards/end-of-life-care/patient-information-leaflets/

**This leaflet can be made available in large print, audio version and in other languages, please call 0800 073 0510.**

للحصول على هذه النشرة بحجم أكبر، وعلى شكل إصدار صوتي و بلغات أخرى، الرجاء الاتصال بالرقم 08000730510.

此宣传单可提供大字版本、音频版本和其它语言版本，请拨打电话：0800 073 0510。

Ulotka dostępna jest również w dużym druku, wersji audio lub w innym języku. W tym celu zadzwoń pod numer 0800 073 0510.

ਇਹ ਪਰਚਾ ਵੱਡੇ ਅੱਖਰਾਂ, ਬੋਲ ਕੇ ਰੀਕਾਰਡ ਕੀਤਾ ਹੋਇਆ ਅਤੇ ਦੂਸਰੀਆਂ ਭਾਸ਼ਾਵਾਂ ਵਿਚ ਵੀ ਪ੍ਰਾਪਤ ਹੋ ਸਕਦਾ ਹੈ, 0800 073 0510 ਤੇ ਫੋਨ ਕਰੋ ਜੀ।

Aceasta brosura poate fi pusa la dispozitie tiparita cu caractere mari, versiune audio sau in alte limbi, pentru acest lucru va rugam sunati la 0800 073 0510.

یہ کتابچہ آپ کو بڑے حروف کی لکھائی ، سمعی صورت اور دیگر زبانوں میں مہیا کیا جا سکتا ہے.برائے مہربانی فون نمبر 08000730510پر رابطہ کریں.

ਵਿਸ਼ੇਸ਼ੱਗ ਰਾਹਤ ਪਹੁੰਚਾਉਣ ਵਾਲੀ ਦੇਖਭਾਲ ਟੀਮ। ਸਮੀਖਿਆ ਕਰਨ ਦੀ ਮਿਤੀ: ਅਪ੍ਰੈਲ 2019. ਅਗਲੀ ਸਮੀਖਿਆ ਦੀ ਮਿਤੀ: ਜਨਵਰੀ 2022. ਸੰਸਕਰਣ 3. DGH ਰੈਫ਼ਰੇਂਸ: DGH/PIL/01184.

# ਡਾਕਟਰਾਂ ਅਤੇ ਨਰਸਾਂ ਲਈ ਸਵਾਲ

ਮਿਤੀ: ______________________________

ਮੇਰਾ ਸਵਾਲ:

# ਡਾਕਟਰਾਂ ਅਤੇ ਨਰਸਾਂ ਲਈ ਸਵਾਲ

ਮਿਤੀ: ______________________________

ਮੇਰਾ ਸਵਾਲ:

# ਮੇਰੀਆਂ ਟਿੱਪਣੀਆਂ